# ਗੁਰੂ ਤੇਗ ਬਹਾਦਰ

## ਜੀਵਨ ਤੇ ਸਿੱਖਿਆ

ਤਾਰਨ ਸਿੰਘ

A-4039

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

# ਗੁਰੂ ਤੇਗ਼ ਬਹਾਦਰ
## ਜੀਵਨ ਤੇ ਸਿਖਿਆ

ਤਾਰਨ ਸਿੰਘ

S. D. COLLEGE
LIBRARY
A-4039
HOSHIARPUR

A-4039
S1/52

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਤਤਕਰਾ


| | | |
|---|---|---|
| | ਮੁਖਬੰਧ | (v) |
| 1. | ਗੁਰੂ ਤੇਗ਼ ਬਹਾਦਰ ਸਾਹਿਬ ਦਾ ਜੀਵਨ | 1 |
| 2. | ਪ੍ਰਤਿਭਾ ਦਾ ਵਿਕਾਸ ਤੇ ਸਰੂਪ | 21 |
| 3. | ਰਚਨਾ ਤੇ ਰਚਨਾ ਦਾ ਸਰਵੇਖਣ (ਭਾਗ ਪਹਿਲਾ) | 32 |
| 4. | ਰਚਨਾ ਤੇ ਰਚਨਾ ਦਾ ਸਰਵੇਖਣ (ਭਾਗ ਦੂਜਾ) | 57 |
| 5. | ਵਿਚਾਰਧਾਰਾ | 71 |
| 6. | ਕਾਵਿ-ਕਲਾ ਤੇ ਸ਼ੈਲੀ | 83 |

ਅਧਿਆਇ ਦੂਜਾ

# ਪ੍ਰਤਿਭਾ ਦਾ ਵਿਕਾਸ ਤੇ ਸਰੂਪ

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਦੇ ਸਪੱਸ਼ਟ ਤਿੰਨ ਭਾਗ ਹਨ। ਪਹਿਲਾ ਭਾਗ ਸੰਨ 1621 ਤੋਂ 1644 ਤੀਕ ਦਾ ਹੈ ਜੋ ਆਪ ਦੇ ਬਚਪਣ, ਵਿਦਿਆ ਪ੍ਰਾਪਤੀ ਤੇ ਜੁਧਾਂ ਵਿਚ ਤੇਗ਼ ਦੀ ਵਰਤੋਂ ਦਾ ਸਮਾਂ ਹੈ। ਦੂਜਾ ਭਾਗ, ਸੰਨ 1644 ਤੋਂ 1664 ਤੀਕ ਦਾ ਹੈ ਜਦੋਂ ਆਪ ਦਾ ਨਿਵਾਸ ਪਿੰਡ ਬਕਾਲੇ ਵਿਖੇ ਰਿਹਾ ਜਾਂ (1660-1664) ਵਿਚ ਆਪ ਪੂਰਬ ਦੇ ਦੌਰੇ ਤੇ ਰਹੇ ਜਿਵੇਂ ਗੁਰੂ ਨਾਨਕ ਦੇਵ ਜੀ ਪੂਰਬ ਦੀ ਉਦਾਸੀ ਤੇ ਗਏ ਸਨ। ਤੀਜਾ ਭਾਗ, ਸੰਨ 1664 ਤੋਂ 1675 ਤੀਕ ਦਾ ਜੋ ਗੁਰਤਾ ਤੇ ਸ਼ਹਾਦਤ ਦਾ ਹੈ। ਇਸ ਸਮੇਂ ਵਿਚ ਆਪ ਵਧੇਰੇ ਕਰਕੇ ਮਾਲਵਾ, ਬਾਂਗਰ ਤੇ ਪੂਰਬ ਦੇਸ਼ਾਂ ਵਿਚ ਪ੍ਰਚਾਰ ਕਰਦੇ ਰਹੇ ਅਤੇ ਸਮੇਂ ਦੀ ਹਕੂਮਤ ਨੇ ਦੋ ਵਾਰੀ ਆਪ ਨੂੰ ਗ੍ਰਿਫਤਾਰ ਕੀਤਾ—ਇਕ ਵਾਰੀ ਸੰਨ 1665 ਵਿਚ ਪਰਗਣਾ ਧਮਧਾਣ ਤੋਂ ਅਤੇ ਦੂਜੀ ਵਾਰੀ ਸੰਨ 1675 ਵਿਚ ਮਲਕਵਾਲ ਦੀ ਜੂਹ, ਥਾਣਾ ਸਿਰਹੰਦ ਤੋਂ, ਤੇ ਆਪ ਜੀ ਨੂੰ ਸ਼ਹੀਦ ਕੀਤਾ ਗਿਆ। ਪ੍ਰਤੀਤ ਹੁੰਦਾ ਹੈ ਕਿ ਪਹਿਲਾ ਭਾਗ-ਪ੍ਰਮੁੱਖ ਰੂਪ ਵਿਚ 'ਸ਼ਕਤੀ' ਬ੍ਰਿਤੀ ਦਾ ਹੈ, ਦੂਜਾ 'ਭਗਤੀ' ਬ੍ਰਿਤੀ ਦਾ ਹੈ ਅਤੇ ਤੀਜਾ 'ਸਹਜ' ਬ੍ਰਿਤੀ ਦਾ ਹੈ।

**ਭਾਗ ਪਹਿਲਾ**

ਇਸ ਆਤਮਾ ਦੇ ਸੰਨ 1621 ਤੋਂ ਪੂਰਬ-ਜਨਮ ਦੇ ਇਤਿਹਾਸ ਦਾ ਤੇ ਪਤਾ ਨਹੀਂ ਹੋ ਸਕਦਾ, ਪਰ ਗੁਰੂ ਹਰਿਗੋਬਿੰਦ ਸਾਹਿਬ ਦੇ ਬਚਨ ਜੋ ਉਨ੍ਹਾਂ ਬਾਲਕ ਤੇਗ ਬਹਾਦਰ ਦੇ ਜਨਮ ਦੀ ਸੂਚਨਾ ਮਿਲਣ ਤੇ ਉਚਾਰੇ, ਅਗੰਮਤਾ ਬਾਰੇ ਕੁਝ ਪ੍ਰਕਾਸ਼ ਪਾ ਦਿੰਦੇ ਹਨ। ਗੁਰੂ ਹਰਿਗੋਬਿੰਦ ਸਾਹਿਬ ਨੇ ਭਵਿਸ਼ਬਾਣੀ ਕੀਤੀ ਕਿ "ਇਹ ਬਾਲਕ ਤੇਗ਼ ਦਾ ਧਨੀ ਹੋਵੇਗਾ, ਸ਼ਹਾਦਤ ਦਾ ਜਾਮ ਪੀਵੇਗਾ ਅਤੇ ਇਸ ਦੇ ਗ੍ਰਿਹਿ ਵਿਖੇ ਐਸਾ ਜੋਧਾ ਪੈਦਾ ਹੋਵੇਗਾ, ਜੋ ਮੁਗ਼ਲ ਰਾਜ ਦੀ ਨੀਂਹ ਪੁੱਟ ਦੇਵੇਗਾ ਅਤੇ 'ਤੀਸਰਾ ਪੰਥ' ਕਾਇਮ ਕਰੇਗਾ।" ਇਹ ਬਚਨ ਉਸ ਚੇਤੰਨ ਆਤਮਾ ਨੂੰ ਸਦਾ ਬਲ ਦਿੰਦੇ ਰਹੇ ਤੇ ਬਲ ਲਈ ਲੋੜੀਂਦਾ ਗਿਆਨ। ਗੁਰੂ ਤੇਗ਼ ਬਹਾਦਰ ਜੀ ਨੇ ਜੀਵਨ ਆਦਰਸ਼ 'ਗਿਆਨੀ' ਹੋਣਾ ਮੰਨਿਆ ਹੈ ਅਤੇ 'ਗਿਆਨੀ' ਦਾ ਵਿਸ਼ੇਸ਼ ਸਰੂਪ 'ਨਿਰਭੈਤਾ' ਮੰਨਿਆ ਹੈ ਜੋ ਉਸ ਨੂੰ 'ਬਲਵਾਨ' ਬਣਾਉਂਦੀ ਹੈ। ਨਿਰਭੈ, ਗਿਆਨਮਈ ਬਲ ਨੂੰ ਉਨ੍ਹਾਂ ਕੌਮਾਂ ਦੀ 'ਹੋਣੀ' ਦੇ ਘੜਨ ਵਾਲਾ ਮੰਨਿਆ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਜੋ ਕੁਝ ਕਿਹਾ ਸੀ ਉਸ ਵਿਚ ਤਿੰਨੇ ਤਤ ਸਨ— ਗਿਆਨ, ਬਲ, ਬੰਧਨ ਰਹਿਤ ਸੁਤੰਤਰ ਬਲਵਾਨ ਹੋਣੀ।

ਗੁਰੂ ਤੇਗ਼ ਬਹਾਦਰ ਜੀ ਦੀ ਗਿਆਨ ਤੇ ਬਲ ਵਾਲੀ ਪ੍ਰਤਿਭਾ ਦਾ ਪਹਿਲਾ ਸਰੋਤ

ਸਿੱਖ ਲਹਿਰ ਦੇ ਇਤਿਹਾਸ ਦਾ ਡੂੰਘਾ ਅਧਿਐਨ ਤੇ ਵਿਚਾਰ ਸੀ। ਸੰਨ 1469 ਤੋਂ 1621 ਤੀਕ ਦੇ ਇਤਿਹਾਸ ਵਿਚੋਂ ਤਿੰਨ ਗੱਲਾਂ ਉਨ੍ਹਾਂ ਨੂੰ ਦਿਸੀਆਂ। (1) ਗੁਰੂ ਨਾਨਕ ਸਾਹਿਬ ਨੇ ਸਾਰੇ ਹਿੰਦੁਸਤਾਨ ਵਿਚ ਪ੍ਰਚਾਰ ਕੀਤਾ, ਕਈ ਥਾਈਂ ਸੰਗਤਾਂ ਕਾਇਮ ਹੋਈਆਂ, ਹਿੰਦੁਸਤਾਨ ਤੋਂ ਬਾਹਰ ਵੀ ਪ੍ਰਚਾਰ ਕੀਤਾ; ਦਿਗਵਿਜੈ ਕੀਤੀ। ਆਪ ਨੇ ਭਾਰਤੀ ਪ੍ਰਚਾਰ ਵਿਚ ਇਹ ਵੰਗਾਰ ਵੀ ਦਿੱਤੀ ਕਿ 'ਜਉ ਤਉ ਪ੍ਰੇਮ ਖੇਲਨ ਕਾ ਚਾਉ। ਸਿਰੁ ਧਰਿ ਤਲੀ ਗਲੀ ਮੇਰੀ ਆਉ'। ਗੁਰੂ ਅੰਗਦ ਸਾਹਿਬ ਨੇ ਪ੍ਰਚਾਰ ਕੇਂਦਰ ਕਰਤਾਰਪੁਰ ਤੋਂ ਖਡੂਰ ਲੇ ਆਂਦਾ। ਗੁਰੂ ਅਮਰਦਾਸ ਜੀ ਨੇ ਵੀ ਗੋਇੰਦਵਾਲ, ਖਡੂਰ ਦੇ ਇਲਾਕੇ ਵਿਚ ਹੀ ਪ੍ਰਚਾਰ ਕੀਤਾ, ਪਰ ਆਪ ਨੇ ਹਰਿਦੁਆਰ, ਕੁਰਕਸ਼ੇਤਰ ਆਦਿ ਤੀਰਥਾਂ ਦਾ ਵੀ ਦੌਰਾ ਕੀਤਾ ਤੇ ਯਾਤਰਾ-ਕਰ ਵਿਰੁੱਧ ਆਵਾਜ਼ ਵੀ ਉਠਾਈ। ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਨੂੰ ਕੇਂਦਰ ਰਖ ਕੇ ਮਾਝੇ ਵਿਚ ਪ੍ਰਚਾਰ ਕੀਤਾ। ਸ਼ਹਿਨਸ਼ਾਹ ਅਕਬਰ ਨਾਲ ਸਬੰਧ ਵੀ ਬੜੇ ਸੁਖਾਵੇਂ ਤੇ ਖੁਸ਼-ਗਵਾਰ ਰਹੇ। ਅਕਬਰ ਨੇ ਮਹਿਸੂਸ ਕੀਤਾ ਕਿ ਸਿੱਖ ਲਹਿਰ ਲੋਕ-ਸੇਵਾ, ਭਲੇ ਤੇ ਕਲਿਆਨ ਦੀ ਲਹਿਰ ਹੈ ਅਤੇ ਇਸ ਦਾ ਪ੍ਰਚਾਰ ਮਾਨਵਤਾ ਤੇ ਮਾਨਵੀ-ਧਰਮਾਂ ਦੀ ਸਾਂਝ ਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਨਾਨਕ ਦੇ ਪਾਏ ਪਹੇ ਤੇ ਪੀਲੀ-ਭੀਤ ਤੀਕ ਦਾ ਪ੍ਰਚਾਰ-ਦੌਰਾ ਕੀਤਾ। ਆਪ ਨੇ ਮਹਿਸੂਸ ਕੀਤਾ ਕਿ ਪ੍ਰਚਾਰ ਸੀ ਪਰ ਕੌਮ ਬਲਵਾਨ ਨਹੀਂ ਸੀ ਬਣੀ, ਕੁਝ ਭਗਤੀ ਵਲ ਪਰਵਿਰਤ ਹੋਈ ਸੀ, ਦੇਵ-ਪੂਜਾ, ਅਵਤਾਰ-ਪੂਜਾ, ਕਬਰ-ਪੂਜਾ ਆਦਿ ਘਟੇ ਸਨ, ਪਰ ਜੁਰਤ ਨਹੀਂ ਸੀ ਪੈਦਾ ਹੋਈ। ਰਾਜਸੀ ਜਾਗਰਤੀ ਵੀ ਨਹੀਂ ਸੀ ਅਤੇ ਅਨਿਆਈਂ ਰਾਜ ਨਾਲ ਟੱਕਰ ਲੈਣ ਦਾ ਸਾਹਸ ਨਹੀਂ ਸੀ ਉਪਜਿਆ। ਤ੍ਰਾਸ, ਭੈ, ਡਰ ਛਾਏ ਹੋਏ ਸਨ। ਕੌਮ-ਘਾਤਕ ਖ਼ੁਦਗਰਜ਼ ਹਿੰਦੂਆਂ ਦੀ ਗਿਣਤੀ ਕਾਫ਼ੀ ਸੀ, ਮਾਇਆ-ਮੋਹ ਨਹੀਂ ਸੀ ਟੁੱਟਾ, ਸਿੱਖੀ ਵਿਚ ਵੀ ਮਾਇਆ ਦਾ ਕਾਫ਼ੀ ਦਖ਼ਲ ਸੀ, ਜਿਸ ਕਰਕੇ ਗੁਰੂ-ਪਰਵਾਰਾਂ ਵਿਚ ਵੀ ਪ੍ਰਸਪਰ ਵਿਰੋਧ ਸੀ ਤੇ ਸ਼ਰਮਨਾਕ ਝਗੜੇ ਹੋ ਰਹੇ ਸਨ। ਗੁਰੂ ਤੇਗ ਬਹਾਦਰ ਨੇ ਮਹਿਸੂਸ ਕੀਤਾ ਕਿ ਜੋ ਬਲ ਭਾਰਤੀ ਕੌਮ ਵਿਚ ਆਉਣਾ ਚਾਹੀਦਾ ਸੀ, ਉਹ ਨਹੀਂ ਸੀ ਆਇਆ, ਜੋ ਜਾਗਰਤੀ ਆਉਣੀ ਚਾਹੀਦੀ ਸੀ, ਉਹ ਨਹੀਂ ਸੀ ਆਈ, ਜੋ ਟੱਕਰ ਸਵਾਧੀਨਤਾ, ਗੈਰਤ, ਸ੍ਵੈ-ਸਤਿਕਾਰ ਕਾਇਮ ਕਰਨ ਲਈ ਜਨਤਾ ਨੂੰ ਲੈਣੀ ਚਾਹੀਦੀ ਸੀ, ਉਸ ਲਈ ਜਨਤਾ ਤਿਆਰ ਨਹੀਂ ਸੀ, ਤਿਆਗ ਦੀ ਜੁਰਤ ਪੈਦਾ ਨਹੀਂ ਸੀ ਹੋਈ, ਐਸ਼ ਪ੍ਰਸਤੀ ਤੇ ਇਖ਼ਲਾਕੀ ਗਿਰਾਵਟ ਮੌਜੂਦ ਸਨ। ਇਸ ਲਈ ਉਨ੍ਹਾਂ ਅਨੁਭਵ ਕੀਤਾ ਕਿ ਉਨ੍ਹਾਂ ਨੂੰ ਪਿਛਲੇ ਸਾਰੇ ਸਿੱਖ-ਕੇਂਦਰਾਂ ਨਾਲ ਮੁੜ ਨਵਾਂ ਸਬੰਧ ਜੋੜਨਾ ਚਾਹੀਦਾ ਹੈ, ਉਨ੍ਹਾਂ ਉੱਤਰੀ ਭਾਰਤ ਦੇ ਦੌਰੇ ਕੀਤੇ। ਉਨ੍ਹਾਂ ਸਮਝਿਆ ਕਿ ਪੰਜਾਬੀ ਪਿੰਡਾਂ ਵਿਚ ਵੀ ਲਹਿਰ ਦਾ ਹੋਰ ਜ਼ੋਰ ਵਧਾਣਾ ਚਾਹੀਦਾ ਹੈ, ਵਿਸ਼ੇਸ਼ ਕਰ ਕੇ ਮਾਲਵੇ ਅਤੇ ਬਾਂਗਰ ਵਿਚ, ਉਹਨਾਂ ਮਗਰੋਂ ਇਸ ਪਾਸੇ ਦੌਰੇ ਕੀਤੇ, ਉਨ੍ਹਾਂ "ਭੈ ਨ ਮੰਨਣ" ਦੀ ਵੰਗਾਰ ਦੇਣੀ ਜ਼ਰੂਰੀ ਜਾਣੀ। ਉਨ੍ਹਾਂ 'ਬੰਧਨ ਕੱਟਣ' ਦਾਂ ਆਦਰਸ਼ ਥਾਪਣਾ ਨਿਸ਼ਚਿਤ ਕੀਤਾ।

(2) ਗੁਰੂ ਤੇਗ ਬਹਾਦਰ ਸਾਹਿਬ ਨੇ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਬਾਰੇ ਜਾਣਿਆ। ਉਸ ਸ਼ਹੀਦੀ ਦੇ ਸਮੇਂ ਦੇ ਹਾਲਾਤ ਨੂੰ ਚੰਗੀ ਤਰ੍ਹਾਂ ਜਾਣਿਆ। ਆਪ ਨੇ

ਅਨੁਭਵ ਕੀਤਾ ਕਿ ਕੌਮ 'ਭੈ-ਮੁਕਤਿ' ਨਹੀਂ ਸੀ। ਆਪ ਨੇ ਜਾਣਿਆ ਕਿ ਮੁਗਲ-ਰਾਜ ਸਿੱਖੀ ਵਿਰੋਧੀ ਹੋ ਚੁੱਕਾ ਸੀ, ਪਰਾਧੀਨਤਾ ਤੇ ਹੈ ਹੀ ਸੀ। ਆਪ ਨੇ ਦੇਖਿਆ ਕਿ ਸ਼ਹੀਦੀ ਮਗਰੋਂ ਹਾਲਾਤ ਸੁਧਰੇ ਨਹੀਂ, ਸਗੋਂ ਮੁਗਲ ਸਾਮਰਾਜ ਸਿੱਖ ਲਹਿਰ ਨੂੰ ਕੁਚਲਣ ਲਈ ਹੋਰ ਤਤਪਰ ਹੁੰਦਾ ਗਿਆ ਸੀ। ਆਪ ਨੇ ਸ੍ਰੀ ਹਰਿਗੋਬਿੰਦ ਜੀ ਨਾਲ ਹੋਈਆਂ ਮੁਗਲ ਝੜਪਾਂ ਜਾਂ ਲੜਾਈਆਂ ਦੇਖੀਆਂ। ਉਨ੍ਹਾਂ ਦੀ ਗਵਾਲੀਅਰ ਕਿਲ੍ਹੇ ਵਿਚ ਨਜ਼ਰਬੰਦੀ ਦੇ ਸਮੇਂ ਹਾਲਾਤ ਨੂੰ ਜਾਣਿਆ। ਆਪਣੇ ਪਿਤਾ ਜੀ ਦੇ 'ਬੰਦੀਛੋੜ', 'ਮੀਰੀ-ਪੀਰੀ', 'ਚੌਕੀ', 'ਅਕਾਲ ਤਖਤ' ਆਦਿ ਦੇ ਸਿਧਾਂਤਕ ਇਸ਼ਾਰੇ ਸਮਝੇ। ਗੁਰੂ ਅਰਜਨ ਸਾਹਿਬ ਦਾ ਨਿਸ਼ਚਾ ਵੀ ਸੀ ਕਿ ਹੁਣ ਗੁਰੂ ਨੂੰ ਸ਼ਸਤ੍ਰਧਾਰੀ ਹੋ ਕੇ ਰਹਿਣਾ ਚਾਹੀਦਾ ਹੈ। ਜੋ ਸੇਧ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ, ਚੌਕੀ, ਬੰਦੀ-ਛੋੜ, ਅਕਾਲ ਤਖਤ ਦੇ ਵਿਚਾਰਾਂ ਤੇ ਸੰਸਥਾਵਾਂ ਦੁਆਰਾ ਦਿੱਤੀ, ਇਸ ਨੂੰ ਗੁਰੂ ਤੇਗ ਬਹਾਦਰ ਨੇ ਸਮਝਿਆ ਅਤੇ ਉਨ੍ਹਾਂ ਵਿਚਾਰਾਂ ਤੇ ਸੰਸਥਾਵਾਂ ਨੂੰ ਮਜਬੂਤ ਕਰਨ ਲਈ ਉਪਰਾਲੇ ਸੋਚਣੇ ਅਰੰਭ ਦਿੱਤੇ। ਆਪ ਨੇ ਹਾਲਾਤ ਦੀ ਹਕੀਕਤ ਨੂੰ ਸਮਝਣ ਦਾ ਯਤਨ ਕੀਤਾ। ਉਸ ਦੇ ਅਰਥ ਸਮਝੇ ਤੇ ਉਸ ਦੇ ਮੁਕਾਬਲੇ ਲਈ ਤਿਆਗ ਬ੍ਰਿਤੀ ਪੈਦਾ ਕਰਨ ਦੀ ਲੋੜ ਨੂੰ ਅਨੁਭਵ ਕੀਤਾ। ਸ਼ਕਤੀ ਬਿਨਾਂ ਸਤਿਕਾਰ ਦਾ ਜੀਵਨ ਨਹੀਂ ਮਿਲਦਾ, ਇਹ ਆਪ ਦਾ ਵਿਚਾਰ ਸੀ। ਆਪ ਨੇ ਮਗਰੋਂ ਦੇਖਿਆ ਕਿ ਗੁਰੂ ਹਰਿਰਾਇ ਅਤੇ ਹਰਿਕ੍ਰਿਸ਼ਨ ਜੀ ਵਲ ਵੀ ਮੁਗਲ ਰਾਜ ਦੀ ਕਠੋਰਤਾ ਬਣੀ ਰਹੀ ਸੀ। ਆਪ ਦ੍ਰਿੜ੍ਹ ਹੋ ਰਹੇ ਸਨ ਕਿ ਮੁਗਲ-ਰਾਜਸ਼ਾਹੀ ਨਾਲ ਟੱਕਰ ਅਵੱਸ਼ਕ ਹੈ। ਇਸ ਟੱਕਰ ਲਈ ਸਿੱਖਾਂ ਤੇ ਭਾਰਤੀ ਹਿੰਦੂਆਂ ਨੂੰ ਤਿਆਰ ਕਰਨਾ ਜ਼ਰੂਰੀ ਹੈ।

ਗੁਰੂ ਘਰ ਦੇ ਆਪਣੇ ਅੰਦਰੂਨੀ ਹਾਲਾਤ ਵੀ ਵਿਚਾਰਨ ਯੋਗ ਸਨ। ਗੁਰੂ-ਸੰਤਾਨ ਅਤੇ ਥਾਪੇ ਗਏ ਗੁਰੂ ਸਾਹਿਬਾਨ ਵਿਚ ਵਿਰੋਧ ਤਾਂ ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਸਮੇਂ ਵੀ ਹੋਇਆ ਸੀ। ਪਰ ਗੁਰੂ ਅਰਜਨ ਸਮੇਂ ਅਤੇ ਮਗਰੋਂ ਟੱਕਰ ਵਧੇਰੇ ਗੰਭੀਰ ਤੇ ਮਾਰੂ ਹੁੰਦੀ ਗਈ ਸੀ। ਸ੍ਰੀ ਪ੍ਰਿਥੀਚੰਦ ਜੀ ਤੇ ਉਨ੍ਹਾਂ ਦੀ ਸੰਤਾਨ, ਗੁਰੂ ਹਰਿਗੋਬਿੰਦ ਸਾਹਿਬ ਤੇ ਧੀਰਮਲ ਜੀ, ਧੀਰਮਲ ਜੀ ਤੇ ਹੋਰ ਸੋਢੀ ਅਤੇ ਗੁਰੂ ਹਰਿਰਾਇ, ਹਰਿਕ੍ਰਿਸ਼ਨ, ਗੁਰੂ ਤੇਗ ਬਹਾਦਰ ਵਿਰੋਧ ਭਰੀ ਟੱਕਰ ਵਿਚ ਸਨ। ਮੁਕਾਬਲੇ ਤੇ ਗੱਦੀਆਂ ਥਾਪੀਆਂ ਹੋਈਆਂ ਸਨ। ਇਹ ਸਭ ਮਾਇਆ ਦਾ ਬਖੇੜਾ ਸੀ। ਗੁਰੂ ਤੇਗ ਬਹਾਦਰ ਜੀ ਨੂੰ ਮਾਇਆ ਦਾ ਗਲਬਾ ਸਾਰੇ ਜੀਵਾਂ ਤੇ ਦਿੱਸ ਰਿਹਾ ਸੀ। ਆਪ ਨੇ ਪ੍ਰੇਰਨਾ ਕੀਤੀ ਕਿ ਮਨੁੱਖ ਇਸ ਗਲਬੇ ਵਿਚੋਂ ਨਿਕਲਣ। ਕੇਵਲ ਨਾਮ ਜਾਮ ਜਪਣ ਦੀ ਸਹਾਇਤਾ ਨਾਲ ਹੀ ਨਿਕਲ ਸਕਦੇ ਸਨ। ਇਹ ਆਪ ਨੇ ਨਤੀਜਾ ਕੱਢਿਆ ਸੀ।

(3) ਆਪ ਨੇ ਪੂਰੀ ਤਰ੍ਹਾਂ ਗੁਰਬਾਣੀ ਨੂੰ ਵਿਚਾਰਿਆ। ਆਪ ਨੇ ਨਿਸ਼ਚਾ ਕੀਤਾ ਕਿ ਨਾਮ ਸਿਮਰਨ ਤੇ ਭਗਤੀ ਹੀ ਕੌਮ ਦੀ ਹਰ ਪ੍ਰਕਾਰ ਦੀ ਕਲਿਆਨ ਦਾ ਰਸਤਾ ਹੈ। ਇਸੇ ਨਾਲ ਹੀ ਉਹ ਸ਼ਕਤੀ ਵੀ ਪੈਦਾ ਹੋਵੇਗੀ, ਜੋ ਬੰਧਨ ਕੱਟ ਸਕਦੀ ਹੈ। ਆਪ ਨੇ ਨਾਮ ਭਗਤੀ ਤੇ ਵਿਚਾਰ ਨੂੰ ਕੇਂਦ੍ਰਿਤ ਕਰਨਾ ਜ਼ਰੂਰੀ ਸਮਝਿਆ। ਗੁਰੂ ਹਰਿਗੋਬਿੰਦ ਸਾਹਿਬ ਨੇ ਵੀ ਆਪ ਨੂੰ ਬਕਾਲੇ ਨਿਵਾਸ ਦੀ ਪ੍ਰੇਰਨਾ ਇਸੇ ਲਈ ਹੀ ਕੀਤੀ ਕਿ ਆਪ ਭਗਤੀ ਵਿਚ ਦ੍ਰਿੜ੍ਹ ਹੋ ਕੇ ਸ਼ਕਤੀ ਦੀ ਵਰਤੋਂ ਸਿਖਾਉਣ। ਦੂਜੇ, ਮੁਗਲਸ਼ਾਹੀ ਨਾਲ ਆਖ਼ਰੀ ਟੱਕਰ ਲਈ ਸਮੇਂ ਦੀ

ਉਡੀਕ ਕਰਨੀ ਉੱਚਿਤ ਹੈ। ਤਿਆਰੀ ਹੋ ਜਾਵੇ, ਕੌਮ ਜਾਗ ਪਵੇ, ਤਦ ਹੀ ਟੱਕਰ ਹੋਣੀ ਚਾਹੀਦੀ ਹੈ। ਨਾਮ-ਭਗਤੀ ਨੂੰ ਆਪ ਨੇ ਦ੍ਰਿੜ੍ਹ ਕੀਤਾ, ਪਰ ਕੌਮ ਨੂੰ ਨਿਰਭੈਤਾ, ਜਾਨ-ਵਾਰਨ, ਤਿਆਗ ਕਰਨ ਦੀ ਪ੍ਰੇਰਨਾ ਦੇਣ ਲਈ ਆਪ ਨੇ ਇਨ੍ਹਾਂ ਵਿਚਾਰਾਂ ਨੂੰ ਸਮਝਣ ਦਾ ਯਤਨ ਕੀਤਾ।

ਸੋ ਜੀਵਨ ਦੇ ਇਸ ਭਾਗ ਵਿਚ ਵਿਸ਼ੇਸ਼ ਵਿਚਾਰਾਂ ਤੇ ਘਟਨਾਵਾਂ ਨੇ ਆਪ ਦੀ ਪ੍ਰਤਿਭਾ ਦੀ ਉਸਾਰੀ ਕੀਤੀ। ਸਿੱਖੀ ਦੀ ਮੁਗਲਸ਼ਾਹੀ ਨਾਲ ਟੱਕਰ ਆਪ ਨੂੰ ਅਵੱਸ਼ ਜਾਪ ਰਹੀ ਸੀ। ਕੌਮ ਨੂੰ ਉਸ ਲਈ ਤਿਆਰ ਕਰਨਾ ਜ਼ਰੂਰੀ ਹੀ ਸੀ।

**ਭਾਗ ਦੂਜਾ**

ਸੰਨ 1644 ਤੋਂ 1664 ਤੀਕ ਆਪ ਆਪਣੇ ਨਾਨਕੇ ਪਿੰਡ ਬਕਾਲੇ ਰਹੇ। ਗੁਰੂ ਨਾਨਕ ਦੀ ਗੱਦੀ ਦੀ ਲੋੜ ਹੀ ਇਹ ਸੀ, ਸਮੇਂ ਦੀ ਵੀ ਉਡੀਕ ਸੀ ਅਤੇ ਹਾਲਾਤ ਦਾ ਹੋਰ ਜਾਇਜ਼ਾ ਲੈਣਾ ਵੀ ਅਵੱਸ਼ਕ ਸੀ ਕਿ ਆਪ ਭਗਤੀ ਕਰਨ ਅਤੇ ਦੇਸ਼ ਯਾਤਰਾ ਵਿਚ ਵਿਚਰ ਕੇ ਹਾਲਾਤ ਦਾ ਅਨੁਭਵ ਵੀ ਕਰਨ। ਰੱਬ ਜਾਣੇ ਆਪ ਇਹ ਵੀ ਅਨੁਭਵ ਕਰਦੇ ਹੋਣ ਕਿ ਦੱਖਣ ਵਿਚ ਪਹਿਲਾਂ ਹੀ ਔਰੰਗਜ਼ੇਬ ਲੜਾਈਆਂ ਵਿਚ ਉਲਝ ਰਿਹਾ ਸੀ। ਸ਼ਿਵਾ ਜੀ ਦਾ ਅੰਦੋਲਨ ਜਾਰੀ ਸੀ। ਬੀਜਾਪੁਰ, ਗੋਲਕੰਡਾ ਆਦਿ ਦੀਆਂ ਮੁਸਲਮਾਨੀ ਰਿਆਸਤਾਂ ਸੁਤੰਤਰ ਸਨ। ਆਪ ਨੇ ਸ਼ਾਇਦ ਇਹ ਮਹਿਸੂਸ ਕੀਤਾ ਕਿ ਉੱਤਰੀ ਭਾਰਤ ਵਿਚ ਜਾਗਰਤੀ ਪੈਦਾ ਕਰਨ ਦੀ ਲੋੜ ਵਧੇਰੇ ਹੈ ਤੇ ਇਹ ਗੱਲ ਠੀਕ ਵੀ ਸੀ, ਕਿਉਂਕਿ ਦੇਸ਼ ਦੇ ਇਸੇ ਭਾਗ ਵਿਚ ਮੁਗਲਸ਼ਾਹੀ ਦਾ ਦਬਦਬਾ ਬਹੁਤ ਵੱਧ ਸੀ ਅਤੇ ਜਬਰ ਵੀ। ਇਸੇ ਹਿੱਸੇ ਵਿਚ ਆਗਰਾ ਜਾਂ ਦਿੱਲੀ ਉਨ੍ਹਾਂ ਦੀਆਂ ਰਾਜਧਾਨੀਆਂ ਸਨ। ਪੰਜਾਬ ਵਿਚ ਵੀ ਉਨ੍ਹਾਂ ਦਾ ਅਧਿਕਾਰ ਪੂਰਨ ਸੀ। ਉਹ ਇਨ੍ਹਾਂ ਪਾਸਿਆਂ ਤੋਂ ਹੀ ਲੰਘਦੇ ਵਿਜਈ ਹੋਏ ਸਨ। ਇਨ੍ਹਾਂ ਪਾਸਿਆਂ ਵੱਲ ਉਨ੍ਹਾਂ ਦੀ ਆਵਾਜਾਈ ਵੀ ਕਾਫ਼ੀ ਸੀ।

ਪਰ ਇਨ੍ਹਾਂ ਸਾਰੇ ਹਾਲਾਤ ਨੂੰ, ਦੌਰਾ ਕਰਕੇ, ਜ਼ਾਤੀ ਤੌਰ ਤੇ ਜਾਚਣ ਤੋਂ ਪਹਿਲਾਂ ਆਪ ਨੇ ਤਪ-ਭਗਤੀ ਦੁਆਰਾ ਆਪਣੇ ਆਪ ਨੂੰ ਤਿਆਰ ਕੀਤਾ। ਭਾਵੇਂ ਭਗਤ ਦੀ ਅਵਸਥਾ ਕਿੰਨੀ ਵੀ ਉੱਚੀ ਹੋ ਜਾਵੇ, ਉਸ ਨੂੰ ਸਮੀਪਤਾ ਜਾਂ ਸਾਯੁਜਤਾ ਪ੍ਰਾਪਤ ਹੋਵੇ, ਪਰ ਉਹ ਭਗਤੀ, ਸਿਮਰਨ ਬਿਨਾਂ ਨਹੀਂ ਰਹਿ ਸਕਦਾ। ਭਗਤੀ ਸਾਧੂ ਨੂੰ ਅਟੱਲ ਅਮਰ ਕਰਦੀ ਹੈ।

**"ਨਾਮੁ ਰਹਿਓ ਸਾਧੂ ਰਹਿਓ, ਰਹਿਓ ਗੁਰੁ ਗੋਬਿੰਦੁ"**

ਨਾਮ ਅਟੱਲ ਹੈ, ਸਾਧੂ ਅਮਰ-ਅਟੱਲ ਹੈ। ਅਨਿੰਨ ਭਗਤੀ ਆਪ ਨੇ ਕੀਤੀ। ਪੂਰਾ ਤਿਆਗ ਜਿਸ ਦਾ ਆਪ ਨੇ ਉਪਦੇਸ਼ ਕਰਨਾ ਸੀ, ਕਰਕੇ ਦਸਿਆ।

ਗੁਰੂ ਹਰਿਗੋਬਿੰਦ ਸਾਹਿਬ ਸੰਨ 1644 ਵਿਚ ਜੋਤੀ ਜੋਤਿ ਸਮਾਏ। ਸੰਨ 1644 ਤੋਂ 1661 ਤੀਕ ਗੁਰੂ ਹਰਿ ਰਾਏ ਸਾਹਿਬ ਗੁਰਗੱਦੀ ਤੇ ਸੁਸ਼ੋਭਿਤ ਰਹੇ। ਸੰਨ 1661 ਤੋਂ 1664 ਤੀਕ ਗੁਰੂ ਹਰਿਕ੍ਰਿਸ਼ਨ ਮਹਾਰਾਜ ਗੁਰਗੱਦੀ ਤੇ ਬਿਰਾਜਮਾਨ ਰਹੇ। ਗੁਰੂ ਤੇਗ ਬਹਾਦਰ ਸੰਨ 1664 ਤੋਂ 1675 ਤੀਕ ਗੁਰਗੱਦੀ ਤੇ ਰਹੇ। ਗੁਰੂ ਗੋਬਿੰਦ ਸਿੰਘ ਜੀ ਸੰਨ 1675 ਤੋਂ 1708 ਤੀਕ ਗੁਰੂ ਸਨ। ਔਰੰਗਜ਼ੇਬ ਦਾ ਜਨਮ ਸੰਨ 1618 ਵਿਚ ਹੋਇਆ। ਉਹ ਆਪਣੇ ਪਿਤਾ ਸ਼ਾਹ ਜਹਾਨ ਨੂੰ ਕੈਦ ਕਰਕੇ ਅਤੇ ਆਪਣੇ ਭਰਾਵਾਂ ਨੂੰ ਮਾਰ ਕੇ ਸੰਨ 1658

ਵਿਚ ਹਿੰਦੁਸਤਾਨ ਦੇ ਤਖ਼ਤ ਤੇ ਬੈਠਾ। ਇਸ ਤੋਂ ਪਹਿਲਾਂ ਉਹ ਦੱਖਣ (1636-1644) ਤੇ ਗੁਜਰਾਤ ਦਾ ਵਾਇਸਰਾਏ ਰਿਹਾ, ਮੁਲਤਾਨ ਤੇ ਸਿੰਧ ਦਾ ਗਵਰਨਰ (1648-1652) ਰਿਹਾ, ਉਸ ਨੇ ਕਈ ਮੁਹਾਸਰਿਆਂ ਤੇ ਲੜਾਈਆਂ ਵਿਚ (ਜਿਵੇਂ ਕੰਧਾਰ (1649) ਦੀ ਲੜਾਈ ਤੇ 1652 ਦੀ ਲੜਾਈ ਵਿਚ) ਭਾਗ ਲਿਆ, ਮੁੜ 1653-1658 ਤੀਕ ਦੱਖਣ ਦਾ ਵਾਇਸਰਾਏ ਰਿਹਾ। ਉਸ ਨੇ ਪਿਤਾ ਵਿਰੁੱਧ ਬਗ਼ਾਵਤ ਕੀਤੀ ਅਤੇ ਉਸ ਨੂੰ 1658 ਵਿਚ ਆਗਰੇ ਦੇ ਕਿਲ੍ਹੇ ਵਿਚ ਬੰਦੀ ਬਣਾ ਦਿੱਤਾ। ਉਸ ਨੇ ਆਪਣੇ ਭਰਾ ਮੁਰਾਦ ਨੂੰ ਕੈਦ ਕੀਤਾ, ਦਾਰਾ ਸ਼ਿਕੋਹ ਨੂੰ 1659 (ਅਗਸਤ) ਵਿਚ ਕਤਲ ਕੀਤਾ। ਮੁਰਾਦ ਨੂੰ 1661 ਵਿਚ ਕਤਲ ਕੀਤਾ।

ਔਰੰਗਜ਼ੇਬ ਦੇ ਰਾਜ ਸਮੇਂ ਦੇ ਦੋ ਭਾਗ ਸਨ। ਪਹਿਲੇ 25 ਵਰ੍ਹੇ ਉਹ ਉੱਤਰੀ ਹਿੰਦ ਵਿਚ ਰਿਹਾ ਅਤੇ ਇਹ ਭਾਗ ਵੀ ਯੁੱਧਾਂ, ਲੜਾਈਆਂ ਦਾ ਕੇਂਦਰ ਬਣਿਆ ਰਿਹਾ। ਦੂਜੇ 25 ਵਰ੍ਹੇ ਉਹ ਦੱਖਣ ਵਿਚ ਹੀ ਰਿਹਾ ਅਤੇ ਉਹ ਭਾਗ ਵੀ ਲੜਾਈਆਂ ਦਾ ਕੇਂਦਰ ਰਿਹਾ। ਸੰਨ 1658 ਤੋਂ 1682 ਤੀਕ ਉਹ ਉੱਤਰੀ ਹਿੱਸੇ ਵਿਚ ਰਿਹਾ। ਤਿੰਨ ਪ੍ਰਕਾਰ ਦੀਆਂ ਲੜਾਈਆਂ ਜਾਂ ਬਗ਼ਾਵਤਾਂ ਹੋਈਆਂ। (1) ਪਹਿਲੀਆਂ ਉਹ ਬਗ਼ਾਵਤਾਂ ਤੇ ਬਦਅਮਨੀਆਂ ਸਨ, ਜੋ ਬਾਦਸ਼ਾਹ ਦੀ ਬਦਲੀ ਵੇਲੇ ਅਵੱਸ਼ ਹੁੰਦੀਆਂ ਸਨ, ਵਿਸ਼ੇਸ਼ ਕਰਕੇ ਮੁਗ਼ਲ ਬਾਦਸ਼ਾਹਾਂ ਦੀ ਬਦਲੀ ਸਮੇਂ। ਹਰ ਪਾਸੇ ਬਦਅਮਨੀ ਫੈਲ ਜਾਂਦੀ ਸੀ, ਹਕੂਮਤ ਢਿੱਲੀ ਪੈ ਜਾਂਦੀ ਸੀ, ਰਾਜ-ਕਾਜ ਦੇ ਕੰਮ ਬੰਦ ਹੋ ਜਾਂਦੇ ਸਨ, ਅਫ਼ਸਰ ਮਨ-ਮਾਨੀਆਂ ਕਰਦੇ ਸਨ, ਲੁੱਟ, ਮਾਰ-ਧਾੜ, ਵਧ ਜਾਂਦੀ ਸੀ। ਸਰਦਾਰ ਆਪਣੇ ਘਰ ਭਰਨ ਦੀ ਕਰਦੇ ਸਨ—ਉਨ੍ਹਾਂ ਨੂੰ ਕਿਸੇ ਦਾ ਭੈ ਨਹੀਂ ਸੀ ਹੁੰਦਾ। ਔਰੰਗਜ਼ੇਬ ਦੇ ਸਮੇਂ ਪਹਿਲਾਂ ਇਹੋ ਹੀ ਹੋਇਆ। ਉਹ ਆਪ ਪਿਉ ਤੇ ਭਰਾਵਾਂ ਨੂੰ ਦਬਾਉਣ ਤੇ ਮਾਰਨ ਵਿਚ ਲੱਗਾ ਰਿਹਾ।

(2) ਜਦੋਂ ਉਹ ਗੱਦੀ ਤੇ ਪੱਕਾ ਹੋ ਗਿਆ ਤਾਂ ਉਸ ਨੇ ਹਿੰਦੂਆਂ ਦੇ ਮੰਦਰ ਗਿਰਾਏ ਤੇ ਉਨ੍ਹਾਂ ਦੀ ਥਾਂ ਤੇ ਮਸੀਤਾਂ ਬਣਾਈਆਂ ਆਦਿ। ਤੇ ਹਿੰਦੂਆਂ ਨੇ ਕਈ ਪਾਸੇ ਬਗ਼ਾਵਤਾਂ ਕੀਤੀਆਂ, ਸਤਿਨਾਮੀਆਂ ਦੀਆਂ ਬਗ਼ਾਵਤਾਂ ਹੋਈਆਂ, ਬਦਅਮਨੀ ਹੀ ਰਹੀ।

(3) ਤੀਜੀਆਂ ਬਗ਼ਾਵਤਾਂ ਉਨ੍ਹਾਂ ਰਾਜਿਆਂ ਦੀਆਂ ਸਨ, ਜੋ ਪਹਿਲਾਂ ਕਰ ਦਿੰਦੇ ਸਨ।

ਕੂਚ ਬਿਹਾਰ ਤੇ ਆਸਾਮ ਦੇ ਜੁੱਧਾਂ ਵਿਚ ਔਰੰਗਜ਼ੇਬ ਕਈ ਸਾਲ ਰੁੱਝਾ ਰਿਹਾ। ਫਿਰ ਉਹ ਅਫ਼ਗਾਨਾਂ ਨਾਲ ਲੜਾਈਆਂ ਵਿਚ ਰੁੱਝ ਗਿਆ, ਫਿਰ ਉਹ ਰਾਜਪੂਤਾਨੇ ਵਿਚ ਲੜਾਈਆਂ ਛੇੜ ਬੈਠਾ। ਰਾਜ ਦੇ ਦੂਜੇ ਅੱਧ ਵਿਚ ਉਹ ਮਰਾਠਿਆਂ ਤੇ ਗੋਲਕੰਡਾ ਤੇ ਬੀਜਾਪੁਰ ਨਾਲ ਉਲਝਿਆ ਰਿਹਾ। ਵਿਚੇ ਸ਼ਹਿਜ਼ਾਦਾ ਅਕਬਰ ਦੀ ਬਗ਼ਾਵਤ ਹੋਈ।

ਲੜਾਈਆਂ ਵਿਚ ਦੇਸ਼ ਦੀ ਹਾਲਤ ਬੜੀ ਖ਼ਰਾਬ ਸੀ। ਔਰੰਗਜ਼ੇਬ ਗੁਰੂ ਹਰਿਰਾਏ, ਗੁਰੂ ਹਰਿ ਕ੍ਰਿਸ਼ਨ, ਗੁਰੂ ਤੇਗ਼ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਦਾ ਸਮਕਾਲੀ ਸੀ। ਗੁਰੂ ਹਰਿ ਰਾਇ ਸਾਹਿਬ ਨੂੰ ਉਸ ਨੇ ਦਿੱਲੀ ਸੱਦ ਭੇਜਿਆ। ਰਾਮਰਾਏ ਨੂੰ ਉਸ ਨੇ ਹੱਥਾਂ ਤੇ ਪਾ ਲਿਆ। ਗੁਰੂ ਹਰਿ ਕ੍ਰਿਸ਼ਨ ਨੂੰ ਸਦ ਭੇਜਿਆ। ਆਪ ਗੁਰੂ ਘਰ ਵਿਚ ਵਿਰੋਧ ਨੂੰ ਹਵਾ ਦਿੱਤੀ।

ਦਿੱਲੀ ਵਿਖੇ ਹੀ ਬੀਮਾਰੀ ਕਾਰਨ ਜੋਤੀ ਜੋਤਿ ਸਮਾ ਗਏ। ਗੁਰੂ ਤੇਗ ਬਹਾਦਰ ਸਾਹਿਬ ਦੇਸ਼ ਦੀ ਹਾਲਤ ਦਾ ਅਨੁਮਾਨ ਲਾਉਣ ਲਈ 1660 ਤੋਂ 1664 ਤੀਕ ਉੱਤਰੀ ਭਾਰਤ ਦੇ ਦੌਰੇ ਤੇ ਰਹੇ। ਹਾਲੀ ਆਪ ਗੁਰੂ ਨਹੀਂ ਸਨ। ਆਪ ਨੇ ਦੇਸ਼ ਦੀ ਦੁਰਦਸ਼ਾ ਵੇਖੀ। ਹਰ ਪਾਸੇ ਭਾਰਤੀਆਂ ਤੇ ਜਬਰ, ਧੱਕਾ, ਅਨਿਆਂ ਸੀ। ਔਰੰਗਜ਼ੇਬ ਦਾ ਰਾਜ ਵਿਸ਼ੇਸ਼ ਕਰਕੇ ਜਬਰ, ਧੱਕੇ, ਤਅਸਬ ਤੇ ਅਧਾਰਤ ਸੀ। ਸਰ ਜਾਦੂ ਨਾਥ ਸਰਕਾਰ ਨੇ ਆਪਣੀ ਪੁਸਤਕ History of Aurangzeb, Volume III ਵਿਚ The Islamic State Church in India ਨਾਂ ਦਾ ਇਕ ਕਾਂਡ ਦਿੱਤਾ ਹੈ, ਜਿਸ ਤੋਂ ਪਤਾ ਲੱਗ ਸਕਦਾ ਹੈ ਕਿ ਹਿੰਦੂ ਰਿਆਇਆ ਨਾਲ ਔਰੰਗਜ਼ੇਬ ਦਾ ਕੀ ਸਲੂਕ ਸੀ ?

ਪਹਿਲੀ ਸਿੱਧੀ ਗੱਲ ਹੀ ਉਸ ਰਾਜ ਦੀ ਇਹ ਸੀ ਕਿ ਗ਼ੈਰ-ਮੁਸਲਮਾਨ ਮੁਸਲਮਾਨ ਦੇਸ਼ ਜਾਂ ਰਾਜ ਦੀ ਪਰਜਾ ਨਹੀਂ ਹੋ ਸਕਦੇ। ਗ਼ੈਰ-ਮੁਸਲਮਾਨ ਆਪਣੇ ਦੇਸ਼ ਵਿਚ ਹੀ ਘਟੀਆ ਸ਼ਹਿਰੀ ਹੋ ਕੇ ਰਹੇਗਾ, ਉਹ ਦਾਸ ਬਣਾਇਆ ਜਾਏਗਾ। ਜਦੋਂ ਭਾਰਤ ਵਿਚ ਮੁਸਲਮਾਨ ਰਾਜ ਕਾਇਮ ਹੋ ਗਿਆ ਤਾਂ ਗ਼ੈਰ-ਮੁਸਲਮਾਨ ਨੂੰ ਰਾਜ ਵਿਚ ਰਹਿਣ ਲਈ ਜਜ਼ੀਆ ਦੇਣਾ ਪੈਂਦਾ ਸੀ, ਜਜ਼ੀਆ ਦੇ ਦਰ ਭਿੰਨ ਭਿੰਨ ਲੋਕਾਂ ਲਈ ਭਿੰਨ ਭਿੰਨ ਸਨ, ਉਨ੍ਹਾਂ ਦੀ ਮਾਲੀ ਹਾਲਤ ਅਨੁਸਾਰ। ਗ਼ੈਰ-ਮੁਸਲਮਾਨ ਨੂੰ ਖ਼ਰਾਜ ਵੀ ਦੇਣਾ ਪਵੇਗਾ। ਤਦ ਹੀ ਉਹ ਜ਼ਮੀਨ ਦੀ ਮਾਲਕੀ ਰਖ ਸਕਦਾ ਸੀ। ਉਹ ਖ਼ਰਾਜ ਗੁਜ਼ਾਰ ਹੋ ਕੇ ਹੀ ਮੁਸਲਮਾਨੀ ਰਾਜ ਵਿਚ ਰਹਿ ਸਕਦਾ ਸੀ। ਔਰੰਗਜ਼ੇਬ ਨੇ ਜਜ਼ੀਆ, ਖ਼ਰਾਜ ਕਾਇਮ ਰਖੇ, ਉਸ ਨੇ ਹਿੰਦੂ ਮੰਦਰ (ਮਥਰਾ, ਬਿੰਦ੍ਰਾਬਨ, ਸੋਮਨਾਥ) ਤਬਾਹ ਕਰ ਦਿੱਤੇ, ਨਵੇਂ ਮੰਦਰ ਬਣਨੇ ਮਨਾ ਕਰ ਦਿੱਤੇ, ਨਵੇਂ ਬਣੇ ਮੰਦਰ ਨਸ਼ਟ ਕਰ ਦਿੱਤੇ। ਪੁਰਾਤਨ ਮੰਦਰਾਂ ਨੂੰ ਤਬਾਹ ਕੀਤਾ। ਹਿੰਦੂਆਂ ਉੱਤੇ ਹੋਰ ਵੀ ਕਈ ਪ੍ਰਕਾਰ ਦੇ ਕਰ ਲੱਗੇ। ਤਿਜਾਰਤ ਵਿਚ ਹਿੰਦੂਆਂ ਦੇ ਮਾਲ ਤੇ ਮਸੂਲ ਵੱਧ ਸੀ, ਮੁਸਲਮਾਨਾਂ ਦੇ ਮਾਲ ਤੇ ਘੱਟ। ਆਮ ਕਰ ਕੇ ਹਿੰਦੂਆਂ ਨੂੰ 5% ਮਸੂਲ ਦੇਣਾ ਪੈਂਦਾ ਸੀ ਅਤੇ ਮੁਸਲਮਾਨਾਂ ਨੂੰ $2\frac{1}{2}$%। ਕਈ ਹਾਲਾਤ ਵਿਚ ਮੁਸਲਮਾਨਾਂ ਲਈ ਮਸੂਲ ਹਟਾ ਦਿੱਤਾ ਗਿਆ ਸੀ, ਪਰ ਹਿੰਦੂਆਂ ਲਈ 5% ਹੀ ਜਾਰੀ ਰਿਹਾ। ਜੋ ਹਿੰਦੂ ਧਰਮ ਬਦਲੀ ਕਰਕੇ ਮੁਸਲਮਾਨ ਹੋ ਜਾਂਦੇ, ਉਨ੍ਹਾਂ ਨੂੰ ਨਾ ਕੇਵਲ ਇਹ ਛੋਟਾਂ ਹੀ ਮਿਲ ਜਾਂਦੀਆਂ, ਸਗੋਂ ਬੜੇ ਵੱਡੇ ਇਨਾਮ ਤੇ ਜਗੀਰਾਂ ਵੀ ਦਿੱਤੀਆਂ ਜਾਂਦੀਆਂ ਸਨ। ਹਿੰਦੂਆਂ ਲਈ ਸਰਕਾਰੀ ਨੌਕਰੀਆਂ ਲਗਭਗ ਬੰਦ ਸਨ। ਕਈ ਅਹੁਦਿਆਂ ਤੇ ਤਾਂ ਕੇਵਲ ਮੁਸਲਮਾਨ ਹੀ ਲੱਗ ਸਕਦੇ ਸਨ। ਹਿੰਦੂਆਂ ਦੇ ਮੇਲੇ, ਤਿਉਹਾਰ ਬੰਦ ਕੀਤੇ ਗਏ। ਹਰ ਤਰ੍ਹਾਂ ਹਿੰਦੂਆਂ ਨਾਲ ਜਬਰ, ਧੱਕਾ ਹੁੰਦਾ ਸੀ। ਉਨ੍ਹਾਂ ਦੀਆਂ ਬਹੂ-ਬੇਟੀਆਂ ਦੀ ਇੱਜ਼ਤ ਵੀ ਸਦਾ ਖ਼ਤਰੇ ਵਿਚ ਸੀ। ਮਥਰਾ ਜ਼ਿਲ੍ਹੇ ਦੇ ਹਿੰਦੂ ਇਤਨੇ ਤੇਜ਼ ਹੋ ਗਏ ਕਿ ਉਨ੍ਹਾਂ 1669 ਵਿਚ ਇਕ ਤਕੜੀ ਬਗ਼ਾਵਤ ਕੀਤੀ, ਜੋ ਬੁਰੀ ਤਰ੍ਹਾਂ ਕੁਚਲੀ ਗਈ। 1672 ਵਿਚ ਸਤਿਨਾਮੀਆਂ ਦੀ ਬਗ਼ਾਵਤ ਹੋਈ। ਗੁਰੂ ਤੇਗ ਬਹਾਦਰ ਸਾਹਿਬ ਨੇ ਦੌਰੇ ਦੇ ਸਮੇਂ ਪੂਰਾ ਅਨੁਮਾਨ ਲਗਾਇਆ ਕਿ ਹਿੰਦੂਆਂ ਜਾਂ ਭਾਰਤੀਆਂ ਦੀ ਦਸ਼ਾ ਕਿੰਨੀ ਖਰਾਬ ਹੈ। ਭਗਤ ਕੇਵਲ ਪ੍ਰਭੂ-ਯਾਦ ਵਿਚ ਮਗਨ ਨਹੀਂ ਰਹਿੰਦਾ, ਖ਼ਲਕਤ ਦਾ ਦੁੱਖ ਦੂਰ ਕਰਨਾ, ਅਸਲ ਭਗਤੀ ਹੈ। ਉਨ੍ਹਾਂ ਨੇ ਕੌਮ ਨੂੰ ਬੰਧਨ ਮੁਕਤ ਕਰਨ ਦਾ ਦ੍ਰਿੜ੍ਹ ਫ਼ੈਸਲਾ ਕੀਤਾ।

ਗੁਰੂ ਤੇਗ ਬਹਾਦਰ ਸਾਹਿਬ ਨੇ ਦੋਵੇਂ ਦੌਰੇ ਉੱਤਰ ਵਲ ਕੀਤੇ ਹਨ। ਪਿੱਛੇ ਕਿਹਾ ਗਿਆ ਹੈ ਕਿ ਉੱਤਰੀ ਹਿੱਸੇ ਵਿਚ ਹੀ ਉਨ੍ਹਾਂ ਦੇ ਸਮੇਂ ਗੜਬੜ ਵੱਧ ਸੀ। ਉੱਤਰ ਪ੍ਰਦੇਸ਼ ਦੇ ਪਿੰਡਾਂ ਵਿਚ ਬੜੀ ਹਲਚਲ ਸੀ। ਉਸ ਦਾ ਕਾਰਨ ਇਹ ਸੀ ਕਿ ਕਈ ਪਿੰਡਾਂ ਦੇ ਪਿੰਡ ਹੀ ਅੱਗੇ ਤੁਰ ਰਹੇ ਸਨ, ਸਾਰੀ ਆਬਾਦੀ ਅੱਗੇ ਵੱਧ ਰਹੀ ਸੀ ਤੇ ਉਹ ਹਲ-ਚਲ ਪੈਦਾ ਕਰਦੇ ਸਨ। ਕਈ ਜਟ ਪਹਿਲਾਂ ਸੰਨ 1600 ਵਿਚ ਮਥਰਾ ਤੇ ਅਲੀਗੜ੍ਹ ਵਿਚ ਬੈਠੇ। ਮਗਰੋਂ ਉਹ ਇਤਨੇ ਤਾਕਤਵਰ ਹੋ ਗਏ ਕਿ ਉਹ ਜੋੜ ਪਰਗਨਾਂ ਦੇ ਮਾਲਕ ਹੀ ਬਣ ਗਏ। ਉਨ੍ਹਾਂ ਦੇ ਸਰਦਾਰ ਨੰਦ ਰਾਮ ਨੇ ਮਾਲੀਆ ਦੇਣਾ ਹੀ ਬੰਦ ਕਰ ਦਿੱਤਾ। ਔਰੰਗਜ਼ੇਬ ਨੇ ਉਸ ਨੂੰ ਹਰਾਇਆ। ਦਾਰਾ-ਸ਼ਕੋਹ ਮਥਰਾ ਦਾ ਮਾਲਕ ਸੀ। ਇਹ ਇਲਾਕਾ ਉਸ ਨੂੰ ਜਾਗੀਰ ਵਜੋਂ ਮਿਲਿਆ ਹੋਇਆ ਸੀ। ਜਦੋਂ ਉਹ ਤਖ਼ਤ ਨਸ਼ੀਨੀ ਦੀ ਜੰਗ ਵਿਚ ਲੱਗ ਗਿਆ ਤਾਂ ਉਨ੍ਹਾਂ ਸਾਰੇ ਪਿੰਡਾਂ ਵਿਚ ਗੜਬੜ ਮੱਚ ਗਈ। ਸੰਨ 1658 ਵਿਚ ਔਰੰਗਜ਼ੇਬ ਨੇ ਫ਼ੌਜਾਂ ਭੇਜ ਕੇ ਇਸ ਇਲਾਕੇ ਨੂੰ ਦਬਾਇਆ। ਸੰਨ 1662 ਵਿਚ ਅਲੀਗੜ੍ਹ ਦੇ ਇਲਾਕੇ ਵਿਚ ਇਤਨੀ ਗੜਬੜ ਮੱਚੀ ਕਿ ਇਥੇ ਵੀ ਫ਼ੌਜ ਭੇਜਣੀ ਪਈ। ਸੰਨ 1659 ਵਿਚ ਰਾਜਪੂਤਾਂ ਨੇ ਵੀ ਹਰ ਪਾਸੇ ਗੜਬੜ ਮਚਾ ਦਿੱਤੀ। ਬਹਾਦਰ ਪੰਚ ਕੋਟੀ ਨੇ ਬਗ਼ਾਵਤ ਕਰ ਦਿੱਤੀ। ਸੰਨ 1663 ਵਿਚ ਸੰਬਲ ਅਫ਼ਗਾਨਾਂ ਨੇ ਮੁਗਲ-ਭਾਰਤ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਸੰਨ 1660 ਵਿਚ ਭੀਲ ਜ਼ਿਮੀਂਦਾਰ ਚਕਰਸੈਨ ਬਾਗ਼ੀ ਹੋ ਗਿਆ। ਦੁਰਜਨ ਸਿੰਘ ਨੇ ਵੀ ਬਗ਼ਾਵਤ ਕੀਤੀ। ਹਮੀਰ ਸੈਨ ਨੇ 1665 ਵਿਚ ਸ਼ਾਹਬਾਦ ਵਿਚ ਬਗ਼ਾਵਤ ਕਰ ਦਿੱਤੀ। ਰਾਠੌਰ ਰਿਆਸਤ ਸਦਾ ਹੀ ਬਾਗ਼ੀ ਰਹੀ ਸੀ। ਸੰਨ 1670 ਵਿਚ ਰਾਠੌਰਾਂ ਨੇ ਬੜੀ ਗੜਬੜ ਕੀਤੀ। ਸੰਨ 1660 ਵਿਚ ਹੀ ਬੀਕਾਨੇਰ ਦੇ ਰਾਜੇ ਚੰਪਤ ਬੁੰਦੇਲੇ ਨੇ ਵਿਦ੍ਰੋਹ ਕਰ ਦਿੱਤਾ ਸੀ। ਸੰਨ 1660 ਵਿਚ ਬਿਹਾਰ ਵਿਚ ਪਾਲਾਮਾਊ ਦੀ ਬਗ਼ਾਵਤ ਸ਼ੁਰੂ ਸੀ। ਸਿੱਧ ਹੈ ਕਿ ਮਥਰਾ, ਅਲੀਗੜ੍ਹ, ਪਟਨਾ, ਬਿਹਾਰ, ਮਾਲਵਾ ਦੇ ਇਲਾਕਿਆਂ ਵਿਚ ਵਿਸ਼ੇਸ਼ ਤੌਰ ਤੇ ਹਿਲ-ਜੁਲ ਸੀ, ਦੁਖ ਵੀ ਸੀ, ਲੁੱਟਮਾਰ ਵੀ ਸੀ, ਬਦਅਮਨੀ ਸੀ। ਇਸ ਹਾਲਤ ਨੂੰ ਦੂਰ ਕਰਨ ਲਈ ਵੀ ਉਪਰਾਲਾ ਚਾਹੀਦਾ ਸੀ ਤੇ ਭਾਰਤੀ-ਜੀਵਨ ਨੂੰ ਬੰਧਨ ਮੁਕਤ ਕਰਨ ਲਈ ਇਸ ਮੌਕੇ ਦਾ ਲਾਭ ਵੀ ਉਠਾਇਆ ਜਾ ਸਕਦਾ ਸੀ। ਦੂਰ ਆਸਾਮ ਵਿਚ ਵੀ ਬਗ਼ਾਵਤ ਸੀ। ਔਰੰਗਜ਼ੇਬ ਉਸ ਪਾਸੇ ਵੀ ਲੜ ਰਿਹਾ ਸੀ, ਜਦੋਂ ਪਹਿਲੀ ਵਾਰੀ ਗੁਰੂ ਤੇਗ ਬਹਾਦਰ ਦੌਰੇ ਤੇ ਗਏ।

**ਤੀਜਾ ਭਾਗ**

ਇਹ ਇਤਿਹਾਸਕ ਗੱਲ ਹੈ ਕਿ ਗੁਰੂ ਤੇਗ ਬਹਾਦਰ ਸੰਨ 1660 ਦੇ ਲਾਗੇ-ਚਾਗੇ ਉੱਤਰੀ ਹਿੰਦ ਦੇ ਦੌਰੇ ਤੇ ਗਏ, ਪਰ ਇਹ ਨਹੀਂ ਪਤਾ ਕਿ ਉਨ੍ਹਾਂ ਨੇ ਤੀਰਥ-ਯਾਤਰਾ ਆਦਿ ਤੋਂ ਛੁੱਟ ਹੋਰ ਇਸ ਸਮੇਂ ਕੀ ਕੀਤਾ ਅਤੇ ਉਨ੍ਹਾਂ ਨੇ ਸ਼ਾਂਤੀ ਦੀ ਸਥਾਪਨਾ ਲਈ ਕੀ ਕੀਤਾ ਅਤੇ ਉਨ੍ਹਾਂ ਨੇ ਦੇਸ਼ ਨੂੰ ਬੰਧਨ-ਮੁਕਤ ਕਰਨ ਲਈ ਕੀ ਕੀਤਾ? ਕੋਈ ਵੇਰਵਾ ਪਤਾ ਨਹੀਂ ਹੈ, ਪਰ ਇਹ ਸਪੱਸ਼ਟ ਹੈ ਕਿ ਆਪ ਦਾ ਇਹ ਦੌਰਾ ਕੇਵਲ ਧਾਰਮਿਕ ਨਹੀਂ ਸੀ, ਧਰਮ ਪ੍ਰਚਾਰ ਆਪ ਦਾ ਮੰਤਵ ਸੀ, ਪਰ ਸਹੀ ਧਾਰਮਿਕ ਜੀਵਨ ਲਈ

ਹਾਲਾਤ ਪੈਦਾ ਕਰਨਾ ਵੀ ਆਪ ਦਾ ਪਹਿਲਾ ਮੰਤਵ ਸੀ। ਆਪ ਸੰਨ 1664 ਵਿਚ ਵਾਪਸ ਬਕਾਲੇ ਪੁੱਜੇ। ਇਸ ਸਾਲ ਆਪ ਗੁਰਗੱਦੀ ਤੇ ਬਿਰਾਜਮਾਨ ਹੋਏ ਅਤੇ ਸੰਨ 1665 ਵਿਚ ਹੀ ਫਿਰ ਉੱਤਰੀ ਭਾਰਤ ਦੇ ਹੀ ਦੌਰੇ ਤੇ ਤੁਰ ਗਏ। ਪਤਾ ਨਹੀਂ ਔਰੰਗਜ਼ੇਬ ਸਰਕਾਰ ਪਾਸ ਕੀ ਪ੍ਰਮਾਣ ਸਨ ਕਿ ਆਪ ਦਾ ਦੌਰਾ ਹਕੂਮਤ ਲਈ ਖ਼ਤਰਨਾਕ ਮੰਨਿਆ ਗਿਆ। ਆਪ ਨੂੰ 1665 ਵਿਚ ਪੰਜਾਬ ਵਿਚ ਹੀ ਧਮਧਾਣ ਤੋਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਅੱਗੇ ਉੱਤਰ ਵੱਲ ਨਹੀਂ ਜਾਣ ਦਿੱਤਾ ਗਿਆ। ਠੀਕ ਪਤਾ ਨਹੀਂ ਕਿ ਆਪ ਕਿਤਨਾ ਸਮਾਂ ਦਿੱਲੀ ਵਿਖੇ ਮੁਗ਼ਲਾਂ ਦੇ ਬੰਦੀ ਰਹੇ, ਪਰ ਰਹੇ ਜ਼ਰੂਰ। ਰਾਜਪੂਤ ਰਾਜਾ ਮਿਰਜ਼ਾ ਜੈ ਸਿੰਘ ਦੀ ਜ਼ਮਾਨਤ ਤੇ ਆਪ ਨੂੰ ਰਿਹਾ ਕੀਤਾ ਗਿਆ ਅਤੇ ਆਪ ਤੀਰਥ-ਯਾਤਰਾ ਲਈ ਅੱਗੇ ਗਏ। ਉਦੋਂ ਉਹ ਆਸਾਮ ਵਿਚ ਧੁਬਰੀ ਤੀਕ ਪਹੁੰਚੇ, ਜਿਥੇ ਕਦੇ ਗੁਰੂ ਨਾਨਕ ਸਾਹਿਬ ਪਹੁੰਚੇ ਸਨ। ਆਪ ਨੇ ਰਾਜਾ ਜੈ ਰਾਮ ਸਿੰਘ ਜੋ ਮਿਰਜ਼ਾ ਜੈ ਸਿੰਘ ਦਾ ਪੁੱਤਰ ਸੀ, ਦੀ ਆਸਾਮ ਦੇ ਬਾਗ਼ੀ ਰਾਜੇ ਨਾਲ ਸੁਲ੍ਹਾ ਕਰਵਾਈ। ਰਾਜਾ ਰਾਮ ਸਿੰਘ ਔਰੰਗਜ਼ੇਬ ਵਲੋਂ ਬਗਾਵਤ ਕੁਚਲਣ ਲਈ ਗਿਆ ਹੋਇਆ ਸੀ। ਧੁਬਰੀ ਤੇ ਆਪ ਨੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਇਕ ਥੜਾ ਬਣਵਾਇਆ, ਜੋ ਦੋਹਾਂ ਫ਼ੌਜਾਂ ਨੇ ਢਾਲਾਂ ਨਾਲ ਮਿੱਟੀ ਪਾ ਕੇ ਉਸਾਰਿਆ। ਇਹ ਗੱਲ ਸੰਨ 1668 ਦੀ ਹੈ। ਠੀਕ ਪਤਾ ਨਹੀਂ ਲਗਦਾ ਕਿ ਆਪ ਕਦੋਂ ਵਾਪਸ ਪੰਜਾਬ (ਅਨੰਦਪੁਰ) ਪਹੁੰਚੇ, ਪਰ ਆਪ 1668 ਤੋਂ ਮਗਰੋਂ ਥੋੜ੍ਹੇ ਸਮੇਂ ਵਿਚ ਹੀ ਪੰਜਾਬ ਪਹੁੰਚ ਗਏ। ਆਪ ਪਟਨੇ ਵੀ ਨਹੀਂ ਠਹਿਰੇ, ਜਿਥੇ ਆਪ ਦਾ ਪਰਿਵਾਰ ਰਹਿ ਰਿਹਾ ਸੀ। ਕਸ਼ਮੀਰ ਦੇ ਪੰਡਤਾਂ ਦੀ ਦਸ਼ਾ ਤੁਰੰਤ ਵਾਪਸੀ ਦਾ ਕਾਰਨ ਦੱਸਿਆ ਜਾਂਦਾ ਹੈ। ਇਹ ਠੀਕ ਵੀ ਹੋ ਸਕਦਾ ਹੈ। ਔਰੰਗਜ਼ੇਬ ਨੇ ਸਖ਼ਤੀ ਨਾਲ ਹਿੰਦੂਆਂ ਨੂੰ ਮੁਸਲਮਾਨ ਬਣਾਉਣਾ ਸ਼ੁਰੂ ਕਰ ਦਿੱਤਾ ਸੀ, ਪਰ ਆਪ ਟਿਕ ਕੇ ਨਹੀਂ ਬੈਠੇ। ਆਪ ਨੇ 1675 ਵਿਚ ਫਿਰ ਉੱਤਰੀ ਭਾਰਤ ਵੱਲ ਜਾਣ ਦਾ ਇਰਾਦਾ ਪ੍ਰਗਟ ਕੀਤਾ। ਆਪ ਨੇ ਪਹਿਲਾਂ ਮਾਲਵੇ ਦਾ ਦੌਰਾ ਕੀਤਾ। ਥਾਂ ਥਾਂ ਪਿੰਡਾਂ ਵਿਚ ਵਿਸ਼ੇਸ਼ ਕਰਕੇ ਪ੍ਰਚਾਰ ਕੀਤਾ। ਬਾਂਗਰ ਦੇਸ਼ ਦਾ ਦੌਰਾ ਕੀਤਾ। ਪਹਿਲੇ ਦੌਰੇ ਵਿਚ ਵੀ ਆਪ ਨੇ ਪੰਜਾਬ ਦੇ ਪਿੰਡਾਂ ਦਾ ਭ੍ਰਮਣ ਕੀਤਾ ਸੀ। ਮੁਗ਼ਲ ਹਕੂਮਤ ਨੇ ਫਿਰ ਆਪ ਨੂੰ ਸੰਨ 1675 ਵਿਚ ਹੀ ਗ੍ਰਿਫ਼ਤਾਰ ਕਰ ਲਿਆ। ਕੇਵਲ ਆਪ ਦੇ ਧਰਮ-ਪ੍ਰਚਾਰ ਲਈ ਤੇ ਗ੍ਰਿਫ਼ਤਾਰ ਨਹੀਂ ਕੀਤਾ। ਆਪ ਦਾ ਪ੍ਰਚਾਰ ਕੁਝ ਹੋਰ ਵੀ ਸੀ। ਦੂਜੀ ਵਾਰ ਆਪ ਨੂੰ ਰੋਪੜ ਤੋਂ ਬੰਦੀ ਬਣਾਇਆ ਗਿਆ ਤੇ ਆਪ ਨੂੰ 1675 ਦੇ ਅੰਤ ਤੇ 11 ਨਵੰਬਰ ਨੂੰ ਸ਼ਹੀਦ ਕਰ ਦਿੱਤਾ ਗਿਆ।

ਇਥੇ ਸਰ ਜਾਦੂ ਨਾਥ ਸਰਕਾਰ ਲਿਖਦੇ ਹਨ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਮਗਰੋਂ ਸਿੱਖਾਂ ਅਤੇ ਇਸਲਾਮ (ਇਹ ਉਨ੍ਹਾਂ ਸ਼ਬਦ ਵਰਤਿਆ ਹੈ, ਪਰ ਮੁਗ਼ਲ ਹਕੂਮਤ ਕਹਿਣਾ ਠੀਕ ਹੋਵੇਗਾ), ਵਿਚ ਖੁੱਲ੍ਹੀ ਲੜਾਈ ਤੇ ਜੰਗ ਸ਼ੁਰੂ ਹੋ ਗਈ। ਇਕ ਸਿੱਖ ਨੇ 27 ਅਕਤੂਬਰ, 1676 ਨੂੰ ਦਿੱਲੀ ਵਿਚ ਔਰੰਗਜ਼ੇਬ ਨੂੰ ਪੱਥਰ ਮਾਰਿਆ, ਉਹ ਜਦੋਂ ਜਾਮਾ ਮਸਜਿਦ ਤੋਂ ਨਮਾਜ਼ ਪੜ੍ਹ ਕੇ ਆਪਣੀ ਕਿਸ਼ਤੀ ਵਿਚ ਵਾਪਸ ਮੁੜ ਰਿਹਾ ਸੀ। ਗੁਰੂ ਗੋਬਿੰਦ ਸਿੰਘ, ਸਿੱਖਾਂ ਅਤੇ ਮੁਗ਼ਲਾਂ ਵਿਚ ਖੁੱਲ੍ਹੀ ਲੜਾਈ ਵਿਚ ਸਿੱਖਾਂ ਦੇ ਜਰਨੈਲ ਸਨ। ਇਥੇ ਕਹਿਣ ਦਾ ਭਾਵ ਇਹ ਹੈ ਕਿ ਗੁਰੂ ਤੇਗ ਬਹਾਦਰ ਨੇ ਹੀ ਸਿੱਖਾਂ ਨੂੰ ਮੁਗ਼ਲਾਂ

ਵਿਰੁੱਧ ਲੰਮੇ ਯੁੱਧ ਲਈ ਤਿਆਰ ਕਰ ਦਿੱਤਾ ਸੀ। ਨਿਸ਼ਚੇ ਹੀ ਉਨ੍ਹਾਂ ਦੇ ਪ੍ਰਚਾਰ ਵਿਚ ਕਈ ਐਸੀਆਂ ਗੱਲਾਂ ਸਨ, ਜੋ ਜੰਗਬੰਦੀ ਲਈ ਪ੍ਰੇਰਨਾ ਕਰਦੀਆਂ ਸਨ, ਜਿਨ੍ਹਾਂ ਵਿਚ ਵਿਦ੍ਰੋਹ ਤੇ ਬਗਾਵਤ ਸੀ ਅਤੇ ਜਿਨ੍ਹਾਂ ਦੀ ਸੂਹ ਉਸ ਵੇਲੇ ਦੀ ਹਕੂਮਤ ਨੂੰ ਸੀ, ਜਿਸ ਕਰਕੇ ਉਹ ਗੁਰੂ ਤੇਗ ਬਹਾਦਰ ਨੂੰ ਗ੍ਰਿਫਤਾਰ ਕਰਦੇ ਰਹੇ। ਇਨ੍ਹਾਂ ਹਾਲਾਤ ਵਿਚ ਗੁਰੂ ਤੇਗ ਬਹਾਦਰ ਜੀ ਦੀ ਪ੍ਰਤਿਭਾ ਦਾ ਮੁਹਾਣ ਕਿਸੇ ਪਾਸੇ ਵੱਲ ਦਾ ਹੋ ਸਕਦਾ ਸੀ। ਆਪ ਦੀ ਬਾਣੀ ਇਕ ਸੁਤੰਤਰਤਾ ਸੰਗ੍ਰਾਮੀ ਦੀ ਰਚਨਾ ਹੈ ਜਿਸ ਸੁਤੰਤਰਤਾ ਦਾ ਆਧਾਰ ਨਿਰਮਲ ਧਰਮ ਤੇ ਭਗਤੀ ਹਨ। ਨਿਰਭੈ ਜੀਵਨ ਤੇ ਬਲਧਾਰੀ ਜੀਵਨ ਦੇ ਸਲੋਕ ਜੋ ਬੰਧਨ-ਮੁਕਤਿ ਹੋਣ ਦੀ ਪ੍ਰੇਰਨਾ ਦਿੰਦੇ ਹਨ, ਆਪ ਦੀ ਰਚਨਾ ਦਾ ਕੇਂਦਰ ਤੇ ਧੁਰਾ ਹਨ। ਪਰ ਆਪ ਨੇ ਇਨ੍ਹਾਂ ਅੱਗ ਦੇ ਰੰਗਿਆੜਿਆਂ ਵਰਗੇ ਸਲੋਕਾਂ ਨੂੰ ਜੀਵਨ ਤੇ ਮਾਇਆ ਤੋਂ ਉਪਰਾਮਤਾ ਦੇ ਸ਼ਲੋਕਾਂ ਤੇ ਸ਼ਬਦਾਂ ਵਿਚ ਲੁਕਾਇਆ ਹੋਇਆ ਹੈ। ਅੱਗ ਕਾਇਮ ਰਖੀ ਹੈ, ਸਮੇਂ ਦੀ ਉਡੀਕ ਸੀ। ਸਮਾਂ ਜਦੋਂ ਆਇਆ ਤਾਂ ਅੱਗ ਭਾਂਬੜ ਬਣ ਗਈ। ਉਪਰਾਮਤਾ ਸਿਰ ਧੜ ਦੀ ਬਾਜ਼ੀ ਲਾਉਣ ਲਈ ਜ਼ਰੂਰੀ ਹੈ। ਜਿਤਨੇ ਤੀਕ ਜੀਵਨ ਦੇ ਰਸਾਂ ਕਸਾਂ ਨੂੰ ਤੁੱਛ ਨਾ ਸਮਝਿਆ ਜਾਏ, ਕੁਰਬਾਨੀ ਹੋ ਨਹੀਂ ਸਕਦੀ। ਅੱਗ ਨੂੰ ਭਾਂਬੜ ਬਨਾਉਣ ਵਾਸਤੇ ਹੀ ਆਪ ਨੇ ਜੀਵਨ ਦੀ ਤੁੱਛਤਾ ਦਾ ਪ੍ਰਚਾਰ ਕੀਤਾ ਹੈ। ਆਪ ਦੀ ਪ੍ਰਤਿਭਾ ਦਾ ਰੂਪ ਇਹ ਹੈ ਕਿ ਸਾਰਥਕ ਸੁਤੰਤਰ ਜੀਵਨ ਲਈ ਬੇਗੈਰਤ ਜੀਵਨ ਨੂੰ ਤੁੱਛ ਜਾਣ ਕੇ ਕੁਰਬਾਨ ਕਰ ਦਿਓ। ਇਹੋ ਆਪ ਦੀ ਰਚਨਾ ਦਾ ਸੰਦੇਸ਼ ਹੈ। ਪਰ ਇਸ ਉਦੇਸ਼ ਦੀ ਪ੍ਰਾਪਤੀ ਲਈ ਆਪ ਨੇ ਗੋਂਦਾ ਗੁੰਦੀਆਂ, ਗਠ-ਜੋੜ ਕੀਤੇ, ਮਤੇ ਪਕਾਏ, ਜ਼ਬਾਨੀ ਵੀ ਕਿਹਾ (ਜੋ ਬਾਣੀ ਦਾ ਰੂਪ ਨਹੀਂ ਹੈ) ਉਸ ਦਾ ਪਤਾ ਨਹੀਂ ਹੈ। ਆਪ ਦੀ ਬਾਣੀ ਦੇ ਪਿੱਛੇ ਉਹ ਸਭ ਕੁਝ ਵੀ ਸੀ। ਪਰ ਇਹ ਸਭ ਕੁਝ ਆਤਮਾ ਦੀ ਸੁਤੰਤਰਤਾ (ਮੁਕਤੀ) ਲਈ ਹੈ। ਸੰਤ-ਸਿਪਾਹੀ ਸ਼ਹੀਦ ਹੁੰਦਾ ਹੈ ਤੇ ਪ੍ਰਭੂ ਮਿਲਾਪ ਦਾ ਭਾਗੀ ਹੁੰਦਾ ਹੈ। ਆਤਮਕ ਮੁਕਤੀ ਤੇ ਮਿਲਾਪ ਲਈ ਆਪ ਨੇ ਭਗਤੀ ਦ੍ਰਿੜ੍ਹਾਈ ਹੈ, ਜਿਵੇਂ ਸਾਰੇ ਗੁਰੂ ਸਾਹਿਬਾਨ ਨੇ ਦ੍ਰਿੜ੍ਹਾਈ ਹੈ। ਆਪ ਸਿੱਖ ਨੂੰ ਸੰਤ ਪਹਿਲਾਂ ਬਣਾਉਣਾ ਲੋਚਦੇ ਹਨ, ਜਿਸ ਵਿਚ ਪ੍ਰੇਮ-ਭਗਤੀ, ਸਿਮਰਨ ਨਾਲ ਸਦਾਚਾਰਕ, ਧਾਰਮਕ, ਮਾਨਸਕ, ਆਤਮਕ ਬਲ ਆਵੇ ਤੇ ਫਿਰ ਉਹ ਸੰਤ-ਸਿਪਾਹੀ ਬਣੇ, ਜ਼ਾਲਮ ਖੂਨਖਾਰ ਨਹੀਂ। ਇਸ ਤਰ੍ਹਾਂ ਉਹ ਆਤਮ-ਕਲਿਆਨ ਵੀ ਕਰੇ ਅਤੇ ਦੇਸ਼-ਕਲਿਆਨ ਵੀ ਕਰੇ। ਆਪ ਦੀ ਪ੍ਰਤਿਭਾ ਦੇ ਤਿੰਨ ਪੱਖ ਇਹ ਹਨ ਕਿ ਆਪ ਜੀਵ ਨੂੰ ਸ੍ਰੇਸ਼ਟ ਭਗਤ ਬਣਾ ਕੇ ਪਵਿੱਤਰ, ਬਲਧਾਰੀ-ਸੰਤ-ਸਿਪਾਹੀ ਸਾਜਣਾ ਚਾਹੁੰਦੇ ਸਨ ਜੋ ਕਿ ਆਪਣੇ ਦੇਸ਼ ਤੇ ਕੌਮ ਦੇ ਬੰਧਨ ਮੁਕਤਿ ਕਰ ਸਕੇ।

ਆਪ ਦੀ ਰਚਨਾ ਦਾ ਪਹਿਲਾ ਪੱਖ ਰਾਮ ਸਿਮਰਨ, ਗੋਬਿੰਦ-ਗੁਣ ਗਾਉਣ ਦੀ ਪ੍ਰੇਰਨਾ ਦੇਣ ਦਾ ਹੈ। ਇਸ ਨੂੰ ਜੀਵਨ ਪਰਯੋਜਨ ਮੰਨਾਉਣ ਲਈ ਆਪ ਨੇ ਪਦਾਰਥਕ ਤੇ ਮਾਇਕ ਜੀਵਨ ਦੇ ਤਿਆਗ ਦੀ ਪ੍ਰੇਰਨਾ ਕੀਤੀ ਹੈ। ਤਿਆਗ ਬਿਨਾ ਭਗਤੀ ਨਹੀਂ ਹੈ ਅਤੇ ਤਿਆਗ ਸੰਭਵ ਨਹੀਂ ਜਿੰਨੇ ਤੀਕ ਮਾਇਆ ਦਾ ਜੀਵਨ ਤੁਛ ਤੇ ਬੇਰਸ ਨਾ ਦਿੱਸੇ। ਮਾਇਆ ਦਾ ਜੀਵਨ ਤੁੱਛ ਦਰਸਾਣ ਲਈ ਕਾਮਾਦਿਕ ਰਸਾਂ, ਐਸ਼-ਇਸ਼ਰਤ ਦੇ ਭੋਗਾਂ ਸਰੀਰ, ਕੁਟੰਬ, ਐਸਵਰਜ ਨੂੰ [illegible] ਤੇ ਤੁੱਛ ਦਰਸਾਉਣਾ ਹੈ। ਇਹ ਕੇਵਲ ਮਨੌਤ ਦੇ

ਤੌਰ ਨਹੀਂ ਦਰਸਾਇਆ, ਸਗੋਂ ਵਿਸ਼ਵਾਸ ਦੇ ਤੌਰ ਤੇ ਸਿੱਧ ਕੀਤਾ ਹੈ। ਸਿੱਧ ਵੀ ਕੀ ਕਰਨਾ ਹੈ, ਪ੍ਰਗਟ ਹੀ ਹੈ ਕਿ 'ਰਾਮ ਗਇਓ ਰਾਵਨ ਗਇਓ'। 'ਅਸਥਿਰ' (ਸਦੀਵੀ, ਸਥਿਰ) ਤਾਂ ਕੁਝ ਵੀ ਨਹੀਂ ਹੈ। ਆਪ ਨੇ ਸੁਖ ਤੇ ਦੁਖ ਨੂੰ ਸਮਾਨ ਸਮਝਣ ਦੀ ਪ੍ਰੇਰਨਾ ਕੀਤੀ ਹੈ। ਇਹ ਦੋਵੇਂ ਮਾਇਆ ਦੀਆਂ ਹਾਲਤਾਂ ਨਾਲ ਸਬੰਧਤ ਦਸ਼ਾਵਾਂ ਹਨ। ਸਹਿਜ ਉਹੀ ਅਵਸਥਾ ਹੈ, ਜੋ ਬ੍ਰਹਮ ਗਿਆਨੀ ਨੂੰ ਪ੍ਰਾਪਤ ਹੁੰਦੀ ਹੈ। ਆਪ ਦੇ ਇਨ੍ਹਾਂ ਬੋਲਾਂ ਦੀ ਗੁੰਜਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ੇਸ਼ ਤੇ ਸ੍ਰੇਸ਼ਟ ਜਾਪਦੀ ਹੈ—'ਇਕਿ ਬਿਨਸੈ ਇਕ ਅਸਥਿਰ ਮਾਨੈ ਅਚਰਜੁ ਲਖਿਓ ਨ ਜਾਈ', 'ਜੋ ਦੀਸੈ ਸੋ ਸਗਲ ਬਿਨਾਸੈ', 'ਜਨ ਨਾਨਕ ਜਗ ਜਾਨਿਓ ਮਿਥਿਆ', 'ਮ੍ਰਿਗ ਤ੍ਰਿਸ਼ਨਾ ਜਿਉ ਝੂਠੋ ਇਹੁ ਜਗ', 'ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ', 'ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ', 'ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ', 'ਸਭਿ ਕਿਛੁ ਜੀਵਤ ਕੋ ਬਿਵਹਾਰ', 'ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬਿਚਾਰਿ', 'ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ, ਮੁਕਤਿ ਪੰਥ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ,' 'ਸਗਲ ਜਗਤੁ ਹੈ ਜੈਸੇ ਸੁਪਨਾ'—ਇਹ ਇਕ ਪੱਖ ਹੈ। ਆਪ ਦੀ ਪ੍ਰਤਿਭਾ ਦੇ ਇਸ ਅੰਗ ਨੂੰ ਕਿਤੇ ਸਾਹਿਤਕ ਆਲੋਚਨਾ ਨੇ ਨਿਰਾਸ਼ਵਾਦ ਕਿਹਾ ਹੈ, ਕਿਤੇ ਪਲਾਇਨਵਾਦ ਕਿਹਾ ਹੈ, ਕਿਤੇ ਕੁਝ ਹੋਰ। ਪਰ ਹੈ ਇਹ ਜੀਵਨ ਤੁੱਛਤਾ ਦਾ ਅਹਿਸਾਸ। ਉਹ ਜੀਵਨ ਜਿਸ ਵਿਚ ਪਤਿ-ਇਜ਼ਤ ਨਹੀਂ ਹੈ, ਜਿਸ ਵਿਚ ਦਰ ਦਰ ਦੀ ਗ਼ੁਲਾਮੀ ਹੈ, ਜਿਸ ਵਿਚ ਭੈ ਹੀ ਭੈ ਹੈ। ਜੋ ਜੀਵਨ ਜਬਰ, ਅਨਿਆਂ ਤਅਸਬ ਸਹਾਰਦਾ ਹੈ, ਉਹ ਤੇ ਹੋਰ ਵੀ ਤੁੱਛ ਹੈ। ਇਸ ਹਾਲਤ ਨੂੰ ਬਦਲਣ ਲਈ ਜੇ ਜੀਵ ਕੁਰਬਾਨ ਹੋ ਜਾਵੇ, ਤਾਂ ਇਹ ਖਰਾ ਸੌਦਾ ਹੈ।

ਪਰ ਕੁਰਬਾਨੀ ਲਈ ਪਵਿੱਤਰਤਾ, ਦਲੇਰੀ, ਨਿਰਭੈਤਾ, ਦ੍ਰਿੜ੍ਹਤਾ ਭਗਤੀ ਨਾਲ ਹੀ ਆ ਸਕਦੀ ਹੈ। ਭਗਤੀ, ਸਿਮਰਨ, ਪ੍ਰਭੂ-ਜਾਪ ਲਈ ਪ੍ਰੇਰਨਾ ਦੇਣਾ, ਆਪ ਦੀ ਪ੍ਰਤਿਭਾ ਦਾ ਦੂਜਾ ਅੰਗ ਹੈ। 'ਸਾਧੋ ਰਾਮ ਸਰਨਿ ਬਿਸਰਾਮਾ', 'ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ,' 'ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ', 'ਨਾਨਕ ਕਹਿਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ', 'ਕਲ ਮੈ ਏਕ ਨਾਮੁ ਕਿਰਪਾ ਨਿਧ ਜਾਹਿ ਜਪੈ ਗਤਿ ਪਾਵੈ', 'ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ', 'ਰਾਮ ਨਾਮੁ ਬਿਨੁ ਮਿਥਿਆ ਮਾਨੋ ਸਗਰੋ ਇਹੁ ਸੰਸਾਰਾ', 'ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ', 'ਦੁੱਖ ਹਰਤਾ ਹਰਿ ਨਾਮੁ ਪਛਾਨੋ', 'ਹਰਿ ਕੇ ਨਾਮੁ ਬਿਨਾ ਦੁਖੁ ਪਾਵੈ', 'ਰੇ ਮਨ ਓਟ ਲੇਹੁ ਹਰਿ ਨਾਮਾ', 'ਪ੍ਰਾਨੀ ਨਾਰਾਇਨਿ ਸੁਧਿ ਲੇਹ'—ਇਸ ਧੁਨੀ ਵਿਚ ਪ੍ਰੇਰਨਾ ਹੈ ਸਿਮਰਨ ਦੀ। ਇਹੋ ਜੀਵਨ ਦਾ ਪਰਯੋਜਨ ਹੈ।

ਜੀਵਨ ਦਾ ਅਸਲ ਪਰਯੋਜਨ ਤੇ ਸਿਮਰਨ, ਭਗਤੀ ਹੈ। ਪਰ ਸੰਸਾਰਕ ਜੀਵਨ ਵੀ ਤੇ ਇਜ਼ਤ-ਆਬਰੋ ਵਾਲਾ ਚਾਹੀਦਾ ਹੈ। ਪਰਾਧੀਨ ਲੋਕ ਅਸਲੋਂ ਹੀ ਭਗਤ ਨਹੀਂ ਹੋ ਸਕਦੇ। ਇਹ ਗੁਰੂ ਸਾਹਿਬਾਨ ਦਾ ਮਤਿ ਹੈ। ਇਸੇ ਲਈ ਗੁਰੂ ਤੇਗ ਬਹਾਦਰ ਸਾਹਿਬ ਦੀ ਪ੍ਰਤਿਭਾ ਦਾ ਤੀਜਾ ਅੰਗ ਇਹ ਪ੍ਰੇਰਨਾ ਦੇਣਾ ਹੈ—'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ', 'ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ,' 'ਚਿੰਤਾ ਤਾ ਕੀਜੀਐ ਜੋ

ਅਣਹੋਣੀ ਹੋਇ', 'ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ' ਤੇ 'ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ'। ਬਲ ਪੈਦਾ ਕਰੋ ਤੇ ਸ੍ਵਾਧੀਨ ਹੋ ਕੇ ਆਪਣੇ ਦੇਸ਼ ਵਿਚ ਜੀਓ—ਇਹ ਆਪ ਦੀ ਦਿੱਤੀ ਪ੍ਰੇਰਨਾ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਆ ਰਹੇ ਸੰਘਰਸ਼ ਲਈ ਆਪ ਦੀ ਪ੍ਰਤਿਭਾ ਨੇ ਸਿੱਖਾਂ ਤੇ ਹੋਰ ਗੌਰਵ ਨਾਲ ਜੀਣ ਦੇ ਇੱਛਕ ਸੂਰਮਿਆਂ ਨੂੰ ਤਿਆਰ ਕੀਤਾ।